Service and Information Update

## COVID-19 ਦੀ ਪ੍ਰਤੀਕਿਰਿਆ ਵਿੱਚ, ਸਿਟੀ ਆਫ ਬ੍ਰੈਂਪਟਨ ਸਾਰੇ ਸ਼ਮਸ਼ਾਨ ਬੰਦ ਕਰੇਗੀ

ਬ੍ਰੈਂਪਟਨ, ਓਨਟੈਰੀਓ (7 ਅਪ੍ਰੈਲ, 2020) – ਨਿਵਾਸੀਆਂ ਅਤੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਬੁੱਧਵਾਰ, 8 ਅਪ੍ਰੈਲ ਤੋਂ ਲੈ ਕੇ, ਸਿਟੀ ਆਫ ਬ੍ਰੈਂਪਟਨ ਦੇ ਸਾਰੇ ਸ਼ਮਸ਼ਾਨ, ਅਗਲੇ ਨੋਟਿਸ ਤੱਕ ਬੰਦ ਰਹਿਣਗੇ।

ਜ਼ਰੂਰੀ ਸੇਵਾਵਾਂ, ਜਿਵੇਂ ਦਫਨਾਉਣਾ ਅਤੇ ਦਫਨਾਉਣ ਵਾਲੇ ਪਲਾਟਾਂ ਦੀ ਵਿਕਰੀ, ਸਿਰਫ਼ ਤੈਅ ਮੁਲਾਕਾਤ ਦੁਆਰਾ ਹੀ ਪ੍ਰਦਾਨ ਕੀਤੇ ਜਾਣਗੇ। ਨਿਵਾਸੀਆਂ ਨੂੰ ਮੁਲਾਕਾਤ ਤੈਅ ਕਰਨ ਲਈ 905.874.2997 ਤੇ ਫੋਨ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਬੰਦ ਰਹਿਣ ਬਾਰੇ ਸੂਚਨਾ ਦੇਣ ਲਈ, ਬ੍ਰੈਂਪਟਨ ਦੇ ਸਾਰੇ ਸ਼ਮਸ਼ਾਨਾਂ ਦੇ ਬਾਹਰ, ਸਾਈਨ ਬੋਰਡ ਲਗਾਏ ਜਾਣਗੇ।

ਬ੍ਰੈਂਪਟਨ ਸੇਮੇਟਰੀ (10 ਵਿਲਸਨ ਅਵੈਨਿਊ) (Brampton Cemetery) (10 Wilson Avenue) ਦੇ ਨਾਲ-ਨਾਲ, ਪੂਰੇ ਸ਼ਹਿਰ ਵਿੱਚ, ਮੁੱਢਲੇ ਸਮੇਂ ਦੇ 25 ਸ਼ਮਸ਼ਾਨਾਂ ਨੂੰ ਸਾਂਭਣ ਦੀ ਜ਼ਿੰਮੇਵਾਰੀ, ਸਿਟੀ ਆਫ ਬ੍ਰੈਂਪਟਨ ਦੀ ਹੈ। ਬ੍ਰੈਂਪਟਨ ਦੇ ਸ਼ਮਸ਼ਾਨਾਂ ਦੀ ਸੂਚੀ ਇੱਥੇ ਉਪਲਬਧ (available here) ਹੈ।

ਸਿਟੀ ਆਫ ਬ੍ਰੈਂਪਟਨ ਦੁਆਰਾ, COVID-19 (ਸੀ.ਓ.ਵੀ.ਆਈ.ਡੀ.-19) ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ ਲਈ, www.brampton.ca/COVID19 ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca